ਜ਼ਿਲਾ ਮੈਜਿਸਟਰੇਟ, ਕਪੂਰਥਲਾ।
Tele. No. 01822-233777-O, 233776-R, 233393-F
Email ID dckapurthala@gmail.com

## ਹੁਕਮ

(COVID-19) ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਲਗਾਏ ਗਏ ਕਰਫਿਊ ਅਤੇ 2090-2107/ਐਮ.ਏ. ਮਿਤੀ 19.4.2020 ਰਾਹੀਂ ਲੋਕ ਹਿਤ ਨੂੰ ਮੁੱਖ ਰੱਖਦੇ ਹੋਏ ਕਰਫਿਊ ਦੌਰਾਨ ਛੋਟ ਦਿੱਤੀ ਗਈ ਸੀ।

ਗ੍ਰਹਿ ਵਿਭਾਗ, ਪੰਜਾਬ ਸਰਕਾਰ ਵੱਲੋ ਪੱਤਰ ਨੰ: SS/ACSH/2020/313 ਮਿਤੀ 18.04.2020 ਰਾਹੀਂ ਜਾਰੀ ਗਾਈਡਲਾਈਨਜ਼ ਨਾਲ ਨੱਥੀ ਪ੍ਰਾਪਤ ਹੋਏ ਭਾਰਤ ਸਰਕਾਰ ਦੇ ਪੱਤਰ ਮਿਤੀ 15.4.2020 ਅਨੁਸਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ , ਕਪੂਰਥਲਾ ਵੱਲੋ ਜਾਰੀ ਉਪਰੋਕਤ ਹੁਕਮਾਂ ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਛੋਟ ਦਿੱਤੀ ਜਾਂਦੀ ਹੈ। **ਇਹ ਛੋਟ Containment Zone (ਭਾਵ ਜਿਥੇ ਕਰੋਨਾ ਵਾਇਰਸ Positive ਹੋਵੇ) ਤੇ ਲਾਗੂ ਨਹੀਂ ਹੋਵੇਗੀ।**

1. ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਦੇ ਹੁਕਮ ਨੰ: 40-3/2020-DM-1(A) dated 15.04.2020 ਦੇ Clause 7 ਦੇ Sub Clause(IV) ਵਿੱਚ ਇਸ਼ੋਰੈਂਸ ਕੰਪਨੀ ਨੂੰ ਢਿੱਲ ਦੇਣ ਬਾਰੇ ਗਾਈਡਲਾਈਨਜ਼ ਜਾਰੀ ਕੀਤੀਆ ਗਈਆ ਹਨ। ਜ਼ਿਲਾ ਕਪੂਰਥਲਾ ਸਮੂਹ ਇੰਸੋਰੈਸ ਕੰਪਨੀਆ ਪ੍ਰਾਈਵੇਟ/ਸਰਕਾਰੀ/ਅੱਧ ਸਰਕਾਰੀ ਦੇ ਮੁੱਖ ਦਫਤਰ, ਕਪੂਰਥਲਾ ਨੂੰ ਕੇਵਲ ਸਲਾਨਾ ਅਕਾਊਂਟ closing ਲਈ ਦਫਤਰ ਖੋਲਣ ਦੀ ਪ੍ਰਵਾਨਗੀ ਇਨ੍ਹਾਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ ਕਿ :
   - ਇਹ ਕੰਪਨੀ ਆਪਣੇ 33% ਸਟਾਫ ਨਾਲ ਹੀ ਉਕਤ ਕੰਮ ਨੂੰ ਨੇਪਰੇ ਚਾੜੇਗੀ।
   - ਕੰਮ ਕਰਨ ਦਾ ਸਮਾਂ ਸਵੇਰੇ 10.00 ਵਜੇ ਤੋ 2.00 ਵਜੇ ਦੁਪਹਿਰ ਦਾ ਹੋਵੇਗਾ
   - ਇਸ ਦੌਰਾਨ ਕੇਵਲ ਦਫਤਰੀ ਕੰਮਕਾਜ਼ ਹੀ ਕੀਤਾ ਜਾਵੇਗਾ,ਕਿਸੇ ਪ੍ਰਕਾਰ ਦੀ ਪਬਲਿਕ ਡੀਲਿੰਗ ਕਰਨ ਤੇ ਸਖਤ ਮਨਾਹੀ ਹੋਵੇਗੀ।
   - ਜ਼ਿਲਾ ਕਪੂਰਥਲਾ ਦੀ ਹਦੂਦ ਅੰਦਰ ਨੈਸ਼ਨਲ ਹਾਈਵੇਅ ਤੇ ਪੈਂਦੇ ਸਾਰੇ ਢਾਬੇ ਪਹਿਲਾਂ ਦੀ ਤਰ੍ਹਾਂ COVID-19 ਦੀਆ ਹਦਾਇਤਾਂ ਅਨੁਸਾਰ ਖੁੱਲੇ ਰਹਿਣਗੇ। ਢਾਬੇ ਤੋਂ ਖਾਣ-ਪੀਣ ਦਾ ਸਮਾਨ ਪ੍ਰਾਪਤ ਕੀਤਾ ਜਾ ਸਕਦਾ ਹੈ ਪ੍ਰੰਤੂ ਢਾਬੇ ਤੇ ਬੈਠ ਕੇ ਖਾਣ ਦੀ ਮਨਾਹੀ ਹੋਵੇਗੀ।

ਪੰਜਾਬ ਸਰਕਾਰ ਵੱਲੋਂ COVID-19 ਦੇ ਫੈਲਣ ਤੋਂ ਰੋਕਣ ਲਈ ਪੰਜਾਬ ਅੰਦਰ ਹਰੇਕ ਵਿਅਕਤੀ ਦੇ ਮੂਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੁਮਾਲ, ਦੁਪੱਟਾ, ਪਰਨਾ ਆਦਿ) ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਲਈ ਹਰੇਕ ਅਦਾਰਾ ਇਹ ਸੁਨਿਸ਼ਚਿਤ ਕਰੇਗਾ ਕਿ ਆਉਣ ਵਾਲੇ ਹਰੇਕ ਵਿਅਕਤੀ ਨੇ ਮਾਸਕ ਜਰੂਰ ਲਗਾਇਆ ਹੋਵੇ ਅਤੇ **ਭਾਰਤ ਸਰਕਾਰ/** ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾਂ ਕਿਸੇ ਵੀ ਵਿਅਕਤੀ ਵੱਲੋ ਜਨਤਕ ਸਥਾਨਾ/ਸੜ੍ਹਕਾਂ ਆਦਿ ਤੇ ਥੁੱਕਣ ਦੀ ਸਖਤ ਮਨਾਹੀ ਹੋਵੇਗੀ।

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫ਼ਸਰ, ਕਪੂਰਥਲਾ ਪ੍ਰਚਾਰ ਵੈਨ/ ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨ/ਨਗਰ ਨਿਗਮ,ਉਪ ਮੰਡਲ ਮੈਜਿਸਟਰੇਟਸ/ ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਤੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਚਸਪਾ ਲਾਗੂ ਕਰਕੇ ਕੀਤਾ ਜਾਵੇ।

ਇਹ ਹੁਕਮ ਅੱਜ਼ ਮਿਤੀ 23-04-2020 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਜ਼ਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ।

Scanned by CamScanner

ਪਿੱਠ ਅੰਕਣ ਨੰ: 2183-2238 /ਐਮ.ਏ. ਮਿਤੀ: 23-04-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਕਪੂਰਥਲਾ
8. ਸਿਵਲ ਸਰਜਨ, ਕਪੂਰਥਲਾ/ ਡੀ.ਪੀ.ਆਰ.ਓ., ਕਪੂਰਥਲਾ।
9. ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਕਪੂਰਥਲਾ
11. ਮੁੱਖ ਖੇਤੀਬਾੜੀ ਅਫ਼ਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
12. ਸਮੂਹ ਤਹਿਸੀਲਦਾਰ, ਜਿਲ੍ਹਾ ਕਪੂਰਥਲਾ
13. ਬਰਾਂਚ ਮੈਨੇਜ਼ਰ, ਸਮੂਹ ਇੰਸੋਰੈਸ ਕੰਪਨੀਆ, ਕਪੂਰਥਲਾ
13. ਸੁਪਰਡੰਟ ਗਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋਂ ਟੂ ਏ.ਸੀ.(ਜ)/ ਡੀ.ਆਰ.ਓ

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ ।

Scanned by CamScanner